Punjabi

Australian Government

NATIONAL BOWELCANCER SCREENING PROGRAM

# ਕੋਲਨੋਸਕੋਪੀ ਜਾਣਕਾਰੀ ਕਿਤਾਬਚਾ

www.cancerscreening.gov.au

Interpreter

**ਆਪਣੀ ਭਾਸ਼ਾ ਵਿੱਚ ਜਾਣਕਾਰੀ ਲਈ,** ਅਨੁਵਾਦ ਅਤੇ ਦੋਭਾਸ਼ੀਆ ਸੇਵਾ ਨੂੰ ਫੋਨ ਕਰੋ: 13 14 50 ਜਾਂ ਵੈੱਬਸਾਈਟ www.cancerscreening.gov.au/translation ਵੇਖੋ

## ਕੋਲਨੋਸਕੋਪੀ ਕਿੰਨੀ ਸਹੀ ਹੁੰਦੀ ਹੈ?

ਕੋਲਨੋਸਕੋਪੀ ਬਹੁਤ ਸਹੀ ਹੁੰਦੀ ਹੈ, ਅਤੇ ਇਹ ਇਸ ਗੱਲ ਦਾ ਪਤਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਤੁਹਾਡੇ ਟੈਸਟ ਦਾ ਨਤੀਜਾ ਪਾਜ਼ੀਟਿਵ ਕਿਉਂ ਆਇਆ ਹੈ। ਪਰ ਇਸ ਗੱਲ ਦੀ ਥੋੜ੍ਹੀ ਸੰਭਾਵਨਾ ਰਹਿੰਦੀ ਹੈ ਕਿ ਤੁਹਾਡੀ ਪ੍ਰਕ੍ਰਿਆ ਦੌਰਾਨ ਕੁੱਝ ਰਹਿ ਜਾਏ। ਭਾਵੇਂ ਕੋਈ ਕੈਂਸਰ ਜਾਂ ਪਾਲਿਪਸ ਨਾ ਪਾਏ ਜਾਣ, ਤਾਂ ਵੀ ਤੁਹਾਨੂੰ ਸਕ੍ਰੀਨਿੰਗ ਕਰਾਉਂਦੇ ਰਹਿਣਾ ਚਾਹੀਦਾ ਹੈ ਅਤੇ ਇਸਦਾ ਸਭ ਤੋਂ ਚੰਗਾਂ ਤਰੀਕਾ ਫ੍ਰੀ ਨੈਸ਼ਨਲ ਬੋਅਲ ਕੈਂਸਰ ਸਕ੍ਰੀਨਿੰਗ ਪ੍ਰੋਗ੍ਰਾਮ ਟੈਸਟ ਕਿਟਸ ਦੀ ਵਰਤੋਂ ਕਰਨਾ ਹੈ।

## ਕੀ ਇਸਦੇ ਕੋਈ ਖਤਰੇ ਜਾਂ ਦੁਰਪ੍ਰਭਾਵ ਹੁੰਦੇ ਹਨ?

ਕੁੱਝ ਦੁਰਪ੍ਰਭਾਵ ਹੋ ਸਕਦੇ ਹਨ, ਪਰ ਇਹ ਆਮ ਤੌਰ 'ਤੇ ਨਹੀਂ ਹੁੰਦੇ। ਬੋਅਲ (ਆਂਤ) ਨੂੰ ਤਿਆਰ ਕਰਨ ਕਰਕੇ ਤੁਹਾਨੂੰ ਸਿਰਦਰਦ ਜਾਂ ਉਲਟੀ ਹੋ ਸਕਦੀ ਹੈ, ਜਾਂ ਕੋਲਨੋਸਕੋਪੀ ਦੇ ਬਾਅਦ ਖ਼ੂਨ ਨਿਕਲ ਸਕਦਾ ਹੈ। ਸੈਡੇਟਿਵ ਦਿੱਤੇ ਜਾਣ ਕਰਕੇ ਕੋਈ ਪ੍ਰਤੀਕ੍ਰਿਆ ਵੀ ਹੋ ਸਕਦੀ ਹੈ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ। ਬਹੁਤ ਹੀ ਦੁਰਲਭ ਸਥਿਤੀਆਂ ਵਿੱਚ ਕੁੱਝ ਲੋਕਾਂ ਨੂੰ ਮੁੜ ਹਸਪਤਾਲ ਆਉਣ ਦੀ ਲੋੜ ਪੈਂਦੀ ਹੈ।

ਤੁਹਾਨੂੰ ਆਪਣੀ ਕੋਲਨੋਸਕੋਪੀ ਤੋਂ ਪਹਿਲਾਂ ਇਨ੍ਹਾਂ ਖਤਰਿਆਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ।

## ਮੇਰੇ ਵਿਕਲਪ ਕੀ ਹਨ?

ਤੁਸੀਂ ਕਿਸੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਜਾਂ ਕਲੀਨਿਕ ਵਿੱਚ ਆਪਣੀ ਕੋਲਨੋਸਕੋਪੀ ਕਰਾਉਣ ਦੀ ਚੋਣ ਕਰ ਸਕਦੇ ਹੋ। ਜੇਕਰ ਇਹ ਇੱਕ ਸਰਕਾਰੀ ਸੁਵਿਧਾ ਹੈ, ਤਾਂ ਇਹ ਮੁਫਤ ਹੋਵੇਗੀ। ਜੇਕਰ ਇਹ ਇੱਕ ਪ੍ਰਾਈਵੇਟ ਸੁਵਿਧਾ ਹੈ, ਤਾਂ ਤੁਹਾਨੂੰ ਆਪਣੇ ਨਿੱਜੀ ਸਿਹਤ ਬੀਮੇ ਮੁਤਾਬਕ ਭੁਗਤਾਨ ਕਰਨਾ ਪੈ ਸਕਦਾ ਹੈ। ਤੁਹਾਨੂੰ ਬੋਅਲ ਦੀ ਤਿਆਰੀ ਲਈ ਵੀ ਭੁਗਤਾਨ ਕਰਨ ਦੀ ਲੋੜ ਪੈ ਸਕਦੀ ਹੈ।

## ਜੇ ਮੇਰੇ ਕੋਲ ਕੁੱਝ ਸਵਾਲ ਹਨ, ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ ਹਾਂ?

ਕ੍ਰਿਪਾ ਕਰਕੇ ਧਿਆਨ ਦਿਓ ਕਿ ਇਹ ਕਿਤਾਬਚਾ ਗਾਈਡ ਦੇ ਤੌਰ 'ਤੇ ਉਪਲਬਧ ਕਰਾਇਆ ਗਿਆ ਹੈ ਅਤੇ ਤੁਹਾਡੇ ਡਾਕਟਰ ਨੂੰ ਚਾਹੀਦਾ ਹੈ ਕਿ ਤੁਹਾਨੂੰ ਵਧੇਰੀ ਜਾਣਕਾਰੀ ਦਵੇ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਆਪਣੀ ਕੋਲਨੋਸਕੋਪੀ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲਬਾਤ ਕਰੋ।

ਪ੍ਰੋਗ੍ਰਾਮ ਬਾਰੇ ਵਧੇਰੀ ਜਾਣਕਾਰੀ ਵੈੱਬਸਾਈਟ **www.cancerscreening.gov.au/bowel** ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਹਾਲ ਹੀ ਵਿੱਚ ਤੁਹਾਡਾ ਬੋਆਲ ਸਕ੍ਰੀਨਿੰਗ ਟੈਸਟ ਕੀਤਾ ਗਿਆ ਸੀ, ਅਤੇ ਤੁਹਾਡੇ ਮਲ ਵਿੱਚ ਖੂਨ ਪਾਇਆ ਗਿਆ ਸੀ। ਖੂਨ ਪਾਏ ਜਾਣ ਦੇ ਕਈ ਕਾਰਨ ਹੋ ਸਕਦੇ ਹਨ ਅਤੇ ਜਿਆਦਾਤਰ ਕਾਰਨ ਕੈਂਸਰ ਨਾਲ ਸੰਬੰਧਤ ਨਹੀਂ ਹੁੰਦੇ ਹਨ (5% ਤੋਂ ਘੱਟ), ਪਰ ਇਹ ਪਤਾ ਲਗਾਉਣਾ ਮਹਤਵਪੂਰਣ ਹੈ ਕਿ ਇਸਦੇ ਕੀ ਕਾਰਨ ਹਨ। ਕ੍ਰਿਪਾ ਕਰਕੇ ਨਤੀਜਿਆਂ ਬਾਰੇ ਆਪਣੇ ਡਾਕਟਰ ਨਾਲ ਚਰਚਾ ਕਰਨ ਲਈ ਸਮਾਂ ਲਓ। ਤੁਹਾਡਾ ਡਾਕਟਰ ਇੱਕ ਹੋਰ ਟੈਸਟ ਕਰਾਏ ਜਾਣ ਦੀ ਸਿਫਾਰਿਸ਼ ਕਰ ਸਕਦਾ ਹੈ, ਜੋ ਆਮ-ਤੌਰ 'ਤੇ ਕੋਲਨੋਸਕੋਪੀ ਹੁੰਦੀ ਹੈ।**

## ਕੋਲਨੋਸਕੋਪੀ ਕੀ ਹੁੰਦੀ ਹੈ?

- ਕੋਲਨੋਸਕੋਪੀ ਵਿੱਚ ਇੱਕ ਕੋਲਨੋਸਕੋਪ (ਸਕੋਪ) – ਇੱਕ ਪਤਲੀ ਨਲਿਕਾ ਜਿਸਦੇ ਅਖੀਰ ਵਿੱਚ ਇੱਕ 'ਵੀਡਿਓ ਕੈਮਰਾ' ਹੁੰਦਾ ਹੈ – ਨੂੰ ਤੁਹਾਡੀ ਗੁਦਾ ਰਾਹੀਂ ਤੁਹਾਡੀ ਬੋਅਲ ਵਿੱਚ ਵਾੜਿਆ ਜਾਂਦਾ ਹੈ।
- ਇਹ ਖੂਨ ਨਿਕਲਣ ਦੇ ਕਾਰਨ ਦੀ ਜਾਂਚ ਕਰਨ ਅਤੇ ਪਾਲਿਪਸ ਨੂੰ ਕੱਟ ਕੇ ਕੱਢਣ ਦਾ ਸਭ ਤੋਂ ਵਧੀਆ ਤਰੀਕਾ ਹੈ।
- ਪਾਲਿਪ ਬੋਅਲ ਦੀ ਅੰਦਰੂਨੀ ਪਰਤ ਨਾਲ ਜੁੜੀ ਇੱਕ ਛੋਟੀ ਜਿਹੀ ਉਤਪਤੀ ਹੁੰਦੀ ਹੈ। ਬਾਲਗਾਂ ਵਿੱਚ ਪਾਲਿਪਸ ਆਮ ਪਾਏ ਜਾਂਦੇ ਹਨ ਅਤੇ ਆਮ ਤੌਰ 'ਤੇ ਨੁਕਸਾਨਦਾਇਕ ਨਹੀਂ ਹੁੰਦੇ ਹਨ, ਪਰ ਕੁੱਝ ਪਾਲਿਪਸ ਕੈਂਸਰ ਵਿੱਚ ਵਿਕਸਿਤ ਹੋ ਸਕਦੇ ਹਨ।
- ਪਾਲਿਪਸ ਨੂੰ ਕੱਟਕੇ ਕੱਢਣ ਨਾਲ ਕੈਂਸਰ ਨੂੰ ਰੋਕਨ ਵਿੱਚ ਮਦਦ ਮਿਲ ਸਕਦੀ ਹੈ। ਜੇਕਰ ਪ੍ਰਕ੍ਰਿਆ ਦੌਰਾਨ ਡਾਕਟਰ ਨੂੰ ਪਾਲਿਪਸ ਦਿੱਸਦੇ ਹਨ, ਤਾਂ ਉਹ ਆਮ-ਤੌਰ 'ਤੇ ਉਨ੍ਹਾਂ ਨੂੰ ਕੱਢ ਦਵੇਗਾ।
- ਡਾਕਟਰ ਬੋਅਲ ਦੇ ਛੋਟੇ ਨਮੂਨੇ ਵੀ ਲੈ ਸਕਦਾ ਹੈ, ਤਾਂਜੋ ਉਹ ਬੀਮਾਰੀ ਦੇ ਲੱਛਣਾਂ ਦੀ ਮਾਈਕਰੋਸਕੋਪ ਨਾਲ ਸਮੀਖਿਆ ਕਰ ਸਕੇ।
- ਜੇਕਰ ਪਾਲਿਪ ਜਾਂ ਨਮੂਨੇ ਨੂੰ ਕੱਢ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਕੁੱਝ ਵੀ ਮਹਿਸੂਸ ਨਹੀਂ ਹੋਵੇਗਾ।

## ਮੈਂ ਕੋਲਨੋਸਕੋਪੀ ਲਈ ਤਿਆਰੀ ਕਿਵੇਂ ਕਰ ਸਕਦਾ ਹਾਂ?

ਜੇਕਰ ਤੁਹਾਨੂੰ ਕੋਈ ਸਿਹਤ ਸੰਬੰਧੀ ਸਮੱਸਿਆਵਾਂ ਹਨ ਜਾਂ ਤੁਸੀਂ ਨੇਮੀ ਤੌਰ 'ਤੇ ਦਵਾਈ ਖਾਂਦੇ ਹੋ, ਤਾਂ ਆਪਣੇ ਬੋਅਲ ਦੀ ਤਿਆਰੀ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲਬਾਤ ਕਰੋ। ਉਹ ਤੁਹਾਡੀ ਕੋਲਨੋਸਕੋਪੀ ਤੋਂ ਪਹਿਲਾਂ ਤੁਹਾਨੂੰ ਥੋੜ੍ਹੇ ਦਿਨਾਂ ਲਈ ਕੁੱਝ ਦਵਾਈਆਂ ਖਾਣੀਆਂ ਬੰਦ ਕਰਨ ਲਈ ਕਹਿ ਸਕਦਾ ਹੈ।

ਤੁਹਾਡੀ ਬੋਅਲ ਦੀ ਤਿਆਰੀ ਕਰਨ ਦੀ ਪ੍ਰਕ੍ਰਿਆ ਵਿੱਚ ਹੇਠਾਂ ਲਿੱਖੇ ਪੜਾਅ ਸ਼ਾਮਿਲ ਹਨ:

1. ਖੁਰਾਕ – ਤੁਹਾਡਾ ਡਾਕਟਰ ਤੁਹਾਨੂੰ ਇਹ ਦੱਸੇਗਾ ਕਿ ਤੁਸੀਂ ਆਪਣੀ ਕੋਲਨੋਸਕੋਪੀ ਤੋਂ ਪਹਿਲਾਂ ਦੇ ਕੁੱਝ ਦਿਨਾਂ ਵਿੱਚ ਕੀ ਖਾ-ਪੀ ਸਕਦੇ ਹੋ ਅਤੇ ਕੀ ਨਹੀਂ।
2. ਦਵਾਈ – ਤੁਹਾਨੂੰ ਇੱਕ ਬੋਅਲ ਪ੍ਰੇਪਰੇਸ਼ਨ ਕਿਟ ਅਤੇ ਇਸਦੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ ਜਾਣਗੇ। ਤੁਹਾਨੂੰ ਦਵਾਈ ਵੀ ਦਿੱਤੀ ਜਾਵੇਗੀ ਜਿਸਨੂੰ ਖਾਣ ਤੇ ਤੁਹਾਨੂੰ ਆਪਣੀ ਬੋਅਲ ਖਾਲੀ ਕਰਨ ਲਈ ਟਾਇਲਟ ਜਾਣਾ ਪਵੇਗਾ।
3. ਤਰਲ ਪਦਾਰਥ –ਤੁਹਾਡਾ ਡਾਕਟਰ ਤੁਹਾਨੂੰ ਹਾਈਡ੍ਰੇਟ ਰਹਿਣ ਲਈ ਨਿਰਦੇਸ਼ ਦਵੇਗਾ।

## ਕੋਲਨੋਸਕੋਪੀ ਕਿਵੇਂ ਕੀਤੀ ਜਾਂਦੀ ਹੈ?

ਸਭ ਤੋਂ ਪਹਿਲਾਂ ਨੀਂਦਰ ਲਿਆਉਣ ਅਤੇ ਆਰਾਮਦੇਹ ਮਹਿਸੂਸ ਕਰਾਉਣ ਲਈ ਤੁਹਾਨੂੰ ਇੱਕ ਹਲਕਾ ਸੈਡੇਟਿਵ ਦਿੱਤਾ ਜਾਵੇਗਾ। ਹੋ ਸਕਦਾ ਹੈ ਕਿ ਤੁਹਾਨੂੰ ਨੀਂਦ ਆ ਜਾਵੇ। ਜਦੋਂ ਤੁਸੀਂ ਲੇਟੇ ਹੋਵੋ, ਤਾਂ ਡਾਕਟਰ ਹੌਲੇ-ਹੌਲੇ ਤੁਹਾਡੀ ਗੁਦਾ ਰਾਹੀਂ ਤੁਹਾਡੀ ਬੋਅਲ ਵਿੱਚ ਇੱਕ ਲਚੀਲਾ ਸਕੋਪ ਪਾਵੇਗਾ। ਸਕੋਪ ਦੇ ਅਖੀਰ ਵਿੱਚ ਇੱਕ ਛੋਟਾ ਕੈਮਰਾ ਲਗਿਆ ਹੁੰਦਾ ਹੈ, ਜਿਸਨਾਲ ਤੁਹਾਡਾ ਡਾਕਟਰ ਤੁਹਾਡੀ ਬੋਅਲ ਦੀ ਅੰਦਰੂਨੀ ਪਰਤ ਨੂੰ ਵੇਖ ਸਕੇਗਾ।

ਪ੍ਰਕ੍ਰਿਆ ਵਿੱਚ ਕਰੀਬ 20 ਤੋਂ 45 ਮਿਨਟ ਦਾ ਸਮਾਂ ਲਗੇਗਾ।

## ਕੋਲਨੋਸਕੋਪੀ ਦੇ ਬਾਅਦ ਕੀ ਹੁੰਦਾ ਹੈ?

ਪ੍ਰਕ੍ਰਿਆ ਦੇ ਬਾਅਦ, ਤੁਹਾਨੂੰ ਖਾਣ-ਪੀਣ ਲਈ ਕੁੱਝ ਦਿੱਤਾ ਜਾਵੇਗਾ। ਜਾਗਣ ਦੇ ਬਾਅਦ ਤੁਹਾਨੂੰ ਆਪਣਾ ਢਿੱਡ ਕੁਝ ਫੁਲਿਆ ਹੋਇਆ ਲਗ ਸਕਦਾ ਹੈ, ਪਰ ਇਹ ਅਹਿਸਾਸ ਕਰੀਬ ਇੱਕ ਘੰਟੇ ਤਕ ਹੀ ਰਹੇਗਾ। ਬਹੁਤ ਘੱਟ ਮਾਮਲਿਆ ਵਿੱਚ ਕੁੱਝ ਖੂਨ ਨਿਕਲਣ ਦੀ ਘਟਨਾ ਹੋ ਸਕਦੀ ਹੈ, ਪਰ ਇਹ ਇੱਕ ਆਮ ਗੱਲ ਹੈ।

ਆਮ-ਤੌਰ 'ਤੇ ਤੁਸੀਂ ਪ੍ਰਕ੍ਰਿਆ ਦੇ ਦਿਨ ਹੀ ਆਪਣੇ ਘਰ ਜਾ ਸਕਦੇ ਹੋ।

ਸੈਡੇਟਿਵ ਦਿੱਤੇ ਜਾਣ ਕਰਕੇ ਤੁਹਾਨੂੰ ਆਪਣੀ ਕੋਲਨੋਸਕੋਪੀ ਦੇ ਬਾਅਦ 24 ਘੰਟਿਆਂ ਤਕ ਹੇਠਾਂ ਵਿਚੋਂ ਕੋਈ ਕੰਮ ਨਹੀਂ ਕਰਨਾ ਚਾਹੀਦਾ ਹੈ:

- ਗੱਡੀ ਚਲਾਉਣਾ;
- ਇੱਕਲੇ ਸਫਰ ਕਰਨਾ;
- ਮਸ਼ੀਨਰੀ ਦੀ ਵਰਤੋਂ ਕਰਨਾ;
- ਕਾਨੂੰਨੀ ਦਸਤਾਵੇਜ਼ਾਂ ਦੇ ਹਸਤਾਖਰ ਕਰਨਾ; ਜਾਂ
- ਸ਼ਰਾਬ ਪੀਣੀ।

ਕਿਸੇ ਦੋਸਤ ਜਾਂ ਪਰਿਵਾਰ ਦੇ ਸਦੱਸ ਨੂੰ ਤੁਹਾਨੂੰ ਘਰ ਲੈ ਜਾਣਾ ਚਾਹੀਦਾ ਹੈ ਅਤੇ ਤੁਹਾਡੀ ਕੋਲਨੋਸਕੋਪੀ ਦੇ ਬਾਅਦ ਉਸਨੂੰ ਤੁਹਾਡੇ ਨਾਲ ਰਹਿਣਾ ਚਾਹੀਦਾ ਹੈ। ਅਗਲੇ ਦਿਨ ਤਕ ਤੁਹਾਨੂੰ ਬਿਹਤਰ ਮਹਿਸੂਸ ਹੋਣਾ ਚਾਹੀਦਾ ਹੈ।